# PC–7541/NL

**X–1/2110**

## ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)–101

(Semester–I)

Time : Three Hours] [Maximum Marks : 75

**ਨੋਟ** : ਭਾਗ ੳ–1 ਅਤੇ ੳ–2 ਵਿਚੋਂ *ਦੋ–ਦੋ* ਪ੍ਰਸ਼ਨ ਕਰੋ। ਭਾਗ ਅ–1 ਵਿਚੋਂ *ਦੋ* ਅਤੇ ਭਾਗ ਅ–2 ਵਿਚੋਂ *ਤਿੰਨ* ਪ੍ਰਸ਼ਨ ਕਰੋ। ਭਾਗ ੲ ਦੇ ਸਾਰੇ ਪ੍ਰਸ਼ਨ ਕਰਨੇ ਹਨ।

### ਭਾਗ–ੳ–1

I. ਕਵਰਗ ਦੀਆਂ *ਪੰਜ* ਧੁਨੀਆਂ (ਅੱਖਰ) ਲਿਖੋ।

*ਜਾਂ*

ਪਵਰਗ ਦੀਆਂ *ਪੰਜ* ਧੁਨੀਆਂ (ਅੱਖਰ) ਲਿਖੋ।

II. ਗੁਰਮੁਖੀ ਲਿਪੀ ਵਿਚ ਨਾਸਕੀ ਵਿਅੰਜਨ ਕਿਹੜੇ–ਕਿਹੜੇ ਹਨ?

*ਜਾਂ*

ਟਵਰਗ ਦੇ ਅੱਖਰ ਲਿਖੋ। 2×5=10

## ਭਾਗ–ੳ–2

III. ਗੁਰਮੁਖੀ ਲਿਪੀ ਵਿਚ ਮੁੱਢਲੇ ਸਵਰ ਜਾਂ ਸਵਰ ਵਾਹਕ ਕਿਹੜੇ-ਕਿਹੜੇ ਹਨ?

*ਜਾਂ*

ਗੁਰਮੁਖੀ ਲਿਪੀ ਦੇ ਕਿੰਨੇ ਅੱਖਰ ਹਨ?

IV. ਪੰਜਾਬੀ ਭਾਸ਼ਾ ਵਿਚ ਕੁੱਲ ਕਿੰਨੇ ਸਵਰ ਹਨ? ਲਿਖਕੇ ਦਿਖਾਓ।

*ਜਾਂ*

'ਅ' ਅੱਖਰ ਨਾਲ ਕਿਹੜੀਆਂ-ਕਿਹੜੀਆਂ ਲਗਾਂ-ਮਾਤਰਾਵਾਂ ਲਗਦੀਆਂ ਹਨ? 2×5=10

## ਭਾਗ–ਅ–1

V. 'ੳ' ਅੱਖਰ ਨਾਲ ਕਿਹੜੇ-ਕਿਹੜੇ ਸਵਰ ਬਣਾਏ ਜਾ ਸਕਦੇ ਹਨ?

*ਜਾਂ*

ਸਿਹਾਰੀ ਮਾਤਰਾ ਵਾਲੇ ਕੋਈ *ਪੰਜ* ਸ਼ਬਦ ਲਿਖੋ।

VI. 'ਊ' ਸਵਰ ਵਾਲੇ *ਪੰਜ* ਸ਼ਬਦ ਲਿਖੋ।

*ਜਾਂ*

ਹੋੜਾ ਮਾਤਰਾ ਵਾਲੇ *ਪੰਜ* ਸ਼ਬਦ ਲਿਖੋ। 2×5=10

**ਭਾਗ–ਅ–2**

VII. ਹਫ਼ਤੇ ਦੇ ਦਿਨਾਂ ਦੇ ਨਾਂ ਲਿਖੋ।

*ਜਾਂ*

*ਪੰਜ* ਰੰਗਾਂ ਦੇ ਨਾਂ ਲਿਖੋ।

VIII. *ਪੰਜ* ਪਛੀਆਂ ਦੇ ਨਾਂ ਲਿਖੋ।

*ਜਾਂ*

ਘਰੇਲੂ ਵਸਤਾਂ ਦੇ *ਪੰਜ* ਨਾਂ ਲਿਖੋ।

IX. *ਪੰਜ* ਮਹੀਨਿਆਂ ਦੇ ਨਾਂ ਲਿਖੋ।

*ਜਾਂ*

*ਪੰਜ* ਫਲਾਂ ਦੇ ਨਾਂ ਲਿਖੋ। 3×5=15

## ਭਾਗ-ੲ

X. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ। ਸਾਰੇ ਪ੍ਰਸ਼ਨ ਲਾਜ਼ਮੀ ਹਨ।

1. ਪੰਜਾਬੀ ਵਿਚ ਮੁੱਢਲੇ ਸਵਰ ਕਿੰਨੇ ਹਨ?
2. ਗੁਰਮੁਖੀ ਸ਼ਬਦ ਤੋਂ ਕੀ ਭਾਵ ਹੈ?
3. ਪੰਜਾਬ ਸ਼ਬਦ ਤੋਂ ਕੀ ਭਾਵ ਹੈ?
4. ਗੁਰਮੁਖੀ ਵਰਣਮਾਲਾ ਦੇ ਕਿੰਨੇ ਅੱਖਰ ਹਨ?
5. ਪੈਰ ਬਿੰਦੀ ਵਾਲੇ ਕਿੰਨੇ ਅੱਖਰ ਹਨ?
6. 'ੳ' ਸਵਰ ਨਾਲ ਕੋਈ ਸ਼ਬਦ ਲਿਖੋ।
7. ਬਿਹਾਰੀ ਮਾਤਰਾ ਵਾਲਾ *ਇਕ* ਸ਼ਬਦ ਲਿਖੋ।
8. 'ਅ' ਸਵਰ ਨੂੰ ਕੀ ਕਿਹਾ ਜਾਂਦਾ ਹੈ?
9. ਉ, ਊ, ਓ ਵਿਚੋਂ ਛੋਟਾ (ਲਘੂ) ਸਵਰ ਕਿਹੜਾ ਹੈ?
10. ਅ, ਇ, ਈ ਵਿਚੋਂ ਲੰਬਾ (ਦੀਰਘ) ਸਵਰ ਕਿਹੜਾ ਹੈ?

11. ਪੈਰ ਵਿਚ 'ਰ' ਅੱਖਰ ਵਾਲਾ *ਇਕ* ਸ਼ਬਦ ਲਿਖੋ।

12. ਪੈਰ ਵਿਚ 'ਹ' ਅੱਖਰ ਵਾਲਾ *ਇਕ* ਸ਼ਬਦ ਲਿਖੋ।

13. ਬਿੰਦੀ ਵਾਲਾ *ਇਕ* ਸ਼ਬਦ ਲਿਖੋ।

14. ਟਿੱਪੀ ਵਾਲਾ *ਇਕ* ਸ਼ਬਦ ਲਿਖੋ।

15. ਅੱਧਕ ਵਾਲਾ *ਇਕ* ਸ਼ਬਦ ਲਿਖੋ।

16. ਮੋਰ ਸ਼ਬਦ ਵਿਚ ਕਿਹੜੀ ਮਾਤਰਾ ਲੱਗੀ ਹੈ? ਉਸ ਦਾ ਕੀ ਨਾਂ ਹੈ?

17. ਔਂਕੜ ਮਾਤਰਾ ਵਾਲਾ *ਇਕ* ਸ਼ਬਦ ਲਿਖੋ।

18. ਕਨੌੜਾ ਮਾਤਰਾ ਵਾਲਾ *ਇਕ* ਸ਼ਬਦ ਲਿਖੋ।

19. ਹਫਤੇ ਦਾ ਪਹਿਲਾ ਦਿਨ ਕਿਹੜਾ ਹੈ?

20. ਹਫਤੇ ਦਾ ਤੀਜਾ ਦਿਨ ਕਿਹੜਾ ਹੈ?

21. ਸਾਲ ਦਾ ਦੂਜਾ ਮਹੀਨਾ ਕਿਹੜਾ ਹੈ?

22. ਸਾਲ ਦੇ ਦਸਵੇਂ ਮਹੀਨੇ ਦਾ ਕੀ ਨਾਂ ਹੈ?

23. ਅੰਕ 5 ਨੂੰ ਪੰਜਾਬੀ ਵਿਚ ਲਿਖੋ।

24. ਅੰਕ 8 ਨੂੰ ਪੰਜਾਬੀ ਵਿਚ ਲਿਖੋ।

25. ਪਿਤਾ ਜੀ ਦੇ ਪਿਤਾ ਜੀ ਨੂੰ ਕੀ ਕਹਿੰਦੇ ਹਨ?

26. ਮਾਤਾ ਜੀ ਦੀ ਮਾਤਾ ਜੀ ਨੂੰ ਕੀ ਕਹਿੰਦੇ ਹਨ?

27. ਮਾਤਾ ਜੀ ਦੀ ਭੈਣ ਨੂੰ ਕੀ ਕਹਿੰਦੇ ਹਨ?

28. ਪਿਤਾ ਜੀ ਦੇ ਵੱਡੇ ਭਰਾ ਨੂੰ ਕੀ ਕਿਹਾ ਜਾਂਦਾ ਹੈ?

29. ਪਾਣੀ ਪੀਣ ਵਾਲੇ ਬਰਤਨ ਨੂੰ ਕੀ ਕਹਿੰਦੇ ਹਨ?

30. ਮੱਕੀ ਦੀ ਰੋਟੀ ਕਿਸ ਨਾਲ ਖਾਧੀ ਜਾਂਦੀ ਹੈ?

$30 \times 1 = 30$